# ਨਮੂਨੇ ਦਾ ਪ੍ਰਸ਼ਨ-ਪੱਤਰ

**ਸ਼੍ਰੇਣੀ: ਬਾਰ੍ਹਵੀਂ**

**ਪੰਜਾਬੀ ਚੋਣਵੀਂ**

**ਵਿੱਦਿਅਕ ਵਰ੍ਹਾ : 2023-24**

**ਸਮਾਂ: 3 ਘੰਟੇ**

**ਲਿਖਤੀ : 80 ਅੰਕ**

**ਆਂਤਰਿਕ ਮੁਲਾਂਕਣ : 20 ਅੰਕ**

**ਕੁੱਲ: 100 ਅੰਕ**

1. 5 ਅੰਕ ਸੁੰਦਰ ਲਿਖਾਈ ਲਈ ਨਿਰਧਾਰਿਤ ਕੀਤੇ ਗਏ ਹਨ |
2. ਵਸਤੂਨਿਸ਼ਠ ਪ੍ਰਸ਼ਨ :

ਭਾਗ (ੳ)

ਸਾਰੇ ਪ੍ਰਸ਼ਨ ਜ਼ਰੂਰੀ ਹਨ। ਹਰੇਕ ਪ੍ਰਸ਼ਨ 2 ਅੰਕਾਂ ਦਾ ਹੈ।

ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ :

I. ਕੈ ਬਾਗ਼ੈ ਦੀ ਮੂਲੀ ਰਚਨਾ ਕਿਸ ਸੂਫ਼ੀ ਕਵੀ ਦੀ ਹੈ ?

II. ਮਿਰਜ਼ੇ ਨੂੰ ਜੰਡ ਹੇਠ ਸੌਣ ਤੋਂ ਕੌਣ ਰੋਕਦਾ ਹੈ ?

III. 'ਧੂੜ ਭਰੇ ਰਾਹ' ਪਾਠ ਦੇ ਲੇਖਕ ਦਾ ਨਾਂ ਕੀ ਹੈ ?

IV. ਰੰਗ-ਮੰਚ ਉੱਤੇ ਕਿਸ ਚੀਜ਼ ਦਾ ਖ਼ਾਸ ਪ੍ਰਬੰਧ ਹੁੰਦਾ ਹੈ ?

V. ਕਿਸੇ ਦੋ ਅਲੰਕਾਰਾਂ ਦੇ ਨਾਂ ਲਿਖੋ।

ਭਾਗ (ਅ)

ਬਹੁਚੋਣਵੇਂ ਪ੍ਰਸ਼ਨ :

I. ਇਕਨਾ ਦੇ ਧਨ ਪੱਲੇ, ਸ਼ਾਹ ਸਦਾਇੰਦੇਂ ਸਲੋਕ ਵਿੱਚ ਜ਼ਿਕਰ ਹੈ

(ੳ) ਮਾਲਕ-ਨੌਕਰ

(ਅ) ਅਮੀਰੀ-ਗ਼ਰੀਬੀ

(ੲ) ਦੁੱਖ-ਸੁੱਖ

(ਸ) ਖ਼ੁਸ਼ੀ-ਗਮੀ

II. ਪੰਜਾਬੀ ਕਿੱਸਾ-ਕਾਵਿ ਅਨੁਸਾਰ ਜੰਡ ਹੇਠ ਸੌਂ ਰਹੇ ਕਿਸ ਪ੍ਰੀਤ-ਨਾਇਕ ਨੂੰ ਮਾਰਿਆ ਜਾਂਦਾ ਹੈ ? (ੳ) ਰਾਂਝਾ

(ਅ) ਮਿਰਜ਼ਾ

(ੲ) ਪੁੰਨੂ

(ਸ) ਮਜਨੂੰ

Downloaded from cclchapter.com

III. ਦਾਰਾ ਸਿੰਘ ਨੇ ਉਰਦੂ ਜ਼ੁਬਾਨ ਕਿਸ ਤੋਂ ਸਿੱਖੀ ?

(ੳ) ਰਾਜ ਕੁਮਾਰ ਕੋਹਲੀ ਤੋਂ

(ਅ) ਓਮ ਪੁਰੀ ਤੋਂ

(ੲ) ਮਾਸਟਰ ਹਸਨ ਤੋਂ

(ਸ) ਹਰਬੰਸ ਤੋਂ

IV. ਕੋਰੜਾ ਕਿਹੜਾ ਛੰਦ ਹੈ ?

(ੳ) ਮਾਤਰਿਕ

(ਅ) ਵਰਨਿਕ

(ੲ) ਗਣਿਕ

(ਸ) ਕੋਈ ਨਹੀਂ

V. ਕਿਸ ਰਸ ਨੂੰ ਰਸਾਂ ਦਾ ਰਾਜਾ ਕਿਹਾ ਜਾਂਦਾ ਹੈ ?

(ੳ) ਅਦਭੁੱਤ-ਰਸ

(ਅ) ਸ਼ਿੰਗਾਰ-ਰਸ

(ੲ) ਅੱਤਕਥਨੀ-ਰਸ

(ਸ) ਹਾਸ-ਰਸ

ਭਾਗ (ੲ)

ਹੇਠ ਲਿਖੇ ਕਥਨਾਂ ਵਿੱਚੋਂ ਸਹੀ ਜਾਂ ਗ਼ਲਤ ਕਥਨ ਦੱਸੋ :

I. "ਚੰਡੀ ਦੀ ਵਾਰ" ਨਜ਼ਾਬਤ ਦੀ ਰਚਨਾ ਹੈ |

II. ਪੂਰਨ ਭਗਤ ਦਾ ਗੁਰੂ "ਗੁਰੂ ਗੋਰਖ ਨਾਥ" ਸੀ।

III. 'ਐਬਟਾਬਾਦ' ਪ੍ਰੋਫ਼ੈਸਰ ਪੂਰਨ ਸਿੰਘ ਦੀ ਸ੍ਵੈਜੀਵਨੀ ਦਾ ਅੰਸ਼ ਹੈ।

IV. ਨਾਟਕ ਦਾ ਅਹਿਮ ਤੱਤ ਰੰਗ-ਮੰਚ ਹੈ।

V. ਸ਼ਾਂਤ ਰਸ ਦਾ ਸਥਾਈ ਭਾਵ ਸ਼ੋਕ ਹੈ |

ਭਾਗ (ਸ)

ਖ਼ਾਲੀ ਥਾਂਵਾਂ ਭਰੋ :

I. ਪਵਣੁ ਗੁਰੂ ਪਾਣੀ................ਮਾਤਾ ਧਰਤਿ ਮਹਤੁ। (ਪਿਤਾ/ਭਗਤ/ਭਰਾਤਾ)

II. ਸ਼ਾਹ ਮੁਹੰਮਦ ਦਾ ਜੰਗਨਾਮਾ ................ ਛੰਦ ਵਿੱਚ ਲਿਖਿਆ ਹੈ। (ਬੈਂਤ/ਚੌਪਈ/ਕੋਰੜਾ)

III. ਨਵਾਂ ਸਾਈਕਲ ਖ਼ਰੀਦਣ ਲਈ ਵਣਜਾਰਾ ਬੇਦੀ ਨੂੰ ਆਪਣੀ ਪਤਨੀ ਦਾ.............ਵੇਚਣਾ ਪਿਆ।(ਸੋਨੇ ਦਾ ਹਾਰ/ਚਾਂਦੀ ਦਾ ਹਾਰ/ਸੋਨੇ ਦੀ ਚੂੜੀ)

IV. ਪਾਤਰ ਇਕਾਂਗੀਕਾਰ ਦੇ ਹੱਥਾਂ ਦੀ................ ਨਹੀਂ ਹੁੰਦੇ। (ਪੁਤਲੀ/ਕਠਪੁਤਲੀ/ਪਤੰਗ)

V. ਚੌਪਈ ਦਾ ਅਰਥ ਹੈ...................... ਚਰਨਾਂ ਵਾਲਾ ਛੰਦ। (ਤਿੰਨ/ਚਾਰ/ਪੰਜ)

Downloaded from cclchapter.com

3. ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਫਰੀਦਾ ਮੈਂ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ॥
ਊਚੇ ਚੜਿ ਕੈ ਦੇਖਿਆ ਤਾ ਘਰਿ-ਘਰਿ ਏਹਾ ਅਗਿ ॥

(ਅ) ਸਤਿਗੁਰ ਨੋ ਸਭ ਕੋ ਲੋਚਦਾ ਜੇਤਾ ਜਗਤੁ ਸਭੁ ਕੋਇ ॥
ਬਿਨੁ ਭਾਗਾ ਦਰਸਨੁ ਨਾ ਥੀਐ ਭਾਗਹੀਣ ਬਹਿ ਰੋਇ ॥
ਜੋ ਹਰਿ ਪ੍ਰਭ ਭਾਣਾ ਸੋ ਥੀਆ ਧੁਰਿ ਲਿਖਿਆ ਨ ਮੇਟੈ ਕੋਇ ॥

4. ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ ਇੱਕ ਦਾ ਕੇਂਦਰੀ ਭਾਵ ਲਿਖੋ :

(ੳ) ਇਥੇ ਰਹਿਣਾ ਨਾਹੀਂ (ਸ਼ਾਹ ਹੁਸੈਨ)

(ਅ) ਸਤੀਆ ਏਹਿ ਨਾ ਆਖੀਅਨਿ (ਗੁਰੂ ਅਮਰਦਾਸ ਜੀ)

5. (ੳ) ਹਾਸ਼ਮ ਜਾਂ ਵਾਰਿਸ ਸ਼ਾਹ ਦੇ ਕਿਸੇ ਦਾ ਵਿਸ਼ਲੇਸ਼ਣ ਕਰਦਿਆਂ ਉਸ ਦੇ ਕਾਵਿਕ ਗੁਣਾਂ ਦਾ ਵਰਨਣ ਕਰੋ ।

ਜਾਂ

(ਅ) ਪੰਜਾਬੀ ਬੀਰ ਕਾਵਿ - ਧਾਰਾਂ ਦੀਆਂ ਪ੍ਰਾਪਤੀਆਂ ਸੰਬੰਧੀ ਸੰਖੇਪ ਵਿੱਚ ਲਿਖੋ |

6. 'ਆਪ-ਬੀਤੀਆਂ' ਪਾਠ-ਪੁਸਤਕ ਵਿੱਚੋਂ ਪੁੱਛੇ ਗਏ ਕਿਸੇ ਦੋ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ :

(ੳ) ਸਿੰਬਾ ਲੇਖਕ ਨੂੰ ਸ਼ਾਮ ਦੀ ਸੈਰ 'ਤੇ ਲਿਜਾਣ ਲਈ ਕਹਿਣ ਸਮੇਂ ਕਿਹੋ-ਜਿਹੀਆਂ ਹਰਕਤਾਂ ਕਰਦਾ ਸੀ ?

(ਅ) ਤੇਜਾ ਸਿੰਘ ਨੂੰ ਪੜ੍ਹਾਈ ਕਰਨ ਵਿੱਚ ਕਿਸ ਤਰ੍ਹਾਂ ਦੀਆਂ ਔਕੜਾਂ ਆਈਆਂ ਤੇ ਉਸ ਨੇ ਇਹਨਾਂ ਨੂੰ ਕਿਵੇਂ ਹੱਲ ਕੀਤਾ ?

(ੲ) ਲੇਖਕਾਂ ਨੂੰ 'ਮੋਤੀਆਂ ਨਾਂ ਕਿਉਂ ਪਸੰਦ ਨਹੀਂ ਸੀ ? ਉਸ ਦੇ ਨਾਮਕਰਨ ਦੀ ਘਟਨਾ ਬਾਰੇ ਵੀ ਦੱਸੋ ।

(ਸ) ਧੀ ਦਾ ਬਾਪ ਬਣਨ ਦੀ ਖ਼ਬਰ ਸੁਣ ਕੇ ਦਾਰਾ ਸਿੰਘ ਨੇ ਕੀ ਮਹਿਸੂਸ ਕੀਤਾ ? ਆਪਣੇ ਸ਼ਬਦਾਂ ਵਿੱਚ ਲਿਖੋ।

7. 'ਸਾਹਿਤ-ਬੋਧ' ਪਾਠ-ਪੁਸਤਕ ਵਿੱਚੋਂ ਪੁੱਛੇ ਗਏ ਕਿਸੇ ਇੱਕ ਸਾਹਿਤ ਰੂਪ ਬਾਰੇ ਨੋਟ ਲਿਖੋ :

(ੳ) ਕਵਿਤਾ

(ਅ) ਜੀਵਨੀ

(ੲ) ਇਕਾਂਗੀ

8. ਹੇਠ ਲਿਖੇ ਭਾਗਾਂ ਵਿੱਚੋਂ ਕਿਸੇ ਇੱਕ ਭਾਗ ਉੱਤੇ ਉਦਾਹਰਨਾਂ ਸਹਿਤ ਨੋਟ ਲਿਖੋ:

(ੳ) ਰੂਪਕ ਅਲੰਕਾਰ ਜਾਂ ਅਨੁਪ੍ਰਾਸ ਅਲੰਕਾਰ

(ਅ) ਸ਼ਿੰਗਾਰ-ਰਸ ਜਾਂ ਭਿਆਨਕ-ਰਸ

(ੲ) ਕਬਿੱਤ ਛੰਦ ਜਾਂ ਦਵਈਆ ਛੰਦ

Downloaded from cclchapter.com